# ਉਹ ਹਰ ਚੀਜ਼ ਜਿਸਦੀ ਤੁਹਾਨੂੰ ਅਪ੍ਰਕਾਸ਼ਤ ਚੁਣਾਵੀ ਨਾਮਾਵਲੀ ਬਾਰੇ ਜਾਣਨ ਦੀ ਲੋੜ ਹੈ

# ਚੁਣਾਵੀ ਨਾਮਾਂਕਣ ਸਬੰਧੀ ਇਨ੍ਹਾਂ ਅਦੰਰਲੇ ਸੁਆਲਾਂ ਦੇ ਜੁਆਬ

## ਪਰਿਚੈ

ਅਪ੍ਰਕਾਸ਼ਤ ਨਾਮਾਵਲੀ ਕੀ ਹੈ?

ਅਪ੍ਰਕਾਸ਼ਤ ਨਾਮਾਵਲੀ ਕੌਂਣ ਦੇਖ ਸਕਦਾ ਹੈ?

## ਅਪ੍ਰਕਾਸ਼ਤ ਨਾਮਾਵਲੀ ਵਿੱਚ ਜਾਣ ਲਈ ਅਰਜ਼ੀ ਦੇਣਾ

ਅਪ੍ਰਕਾਸ਼ਤ ਨਾਮਾਵਲੀ ਲਈ ਕਿਸਨੂੰ ਯੋਗ ਠਹਿਰਾਇਆ ਜਾਂਦਾ ਹੈ?

ਮੈਂ ਅਪ੍ਰਕਾਸ਼ਤ ਨਾਮਾਵਲੀ ਵਿੱਚ ਜਾਣ ਲਈ ਕਿਵੇਂ ਅਰਜ਼ੀ ਦਿਆਂ?

ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ?

ਮੈਂ ਕਿੰਨੇ ਸਮੇਂ ਤਕ ਅਪ੍ਰਕਾਸ਼ਤ ਨਾਮਾਵਲੀ ਵਿੱਚ ਰਹਿ ਸਕਦਾ/ਦੀ ਹਾਂ?

ਜੇ ਮੇਰੇ ਹਲਾਤ ਬਦਲ ਜਾਂਦੇ ਹਨ ਤਾਂ ਕੀ ਹੁੰਦਾ ਹੈ?

ਜੇ ਮੇਰੇ ਨਿਜੀ ਵੇਰਵੇ ਬਦਲ ਜਾਂਦੇ ਹਨ ਤਾਂ ਕੀ ਹੁੰਦਾ ਹੈ?

## ਵੋਟ ਪਾਉਣਾ

ਜੇ ਮੇਰਾ ਨਾਂ ਅਪ੍ਰਕਾਸ਼ਤ ਨਾਮਾਵਲੀ ਵਿੱਚ ਨਹੀਂ ਹੁੰਦਾ ਤਾਂ ਮੈਂ ਵੋਟ ਕਿਵੇਂ ਪਾ ਸਕਦਾ/ਦੀ ਹਾਂ?

## ਹੋਰ ਜਾਣਕਾਰੀ

ਮੈਂ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

ਮੈਂ ਦੂਜੀਆਂ ਭਾਸ਼ਾਵਾਂ ਵਿੱਚ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

### ਨਿਉਜ਼ੀਲੈਂਡ ਪਾਰਲੀਮੈਂਟਰੀ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਡਾ ਨਾਂ ਦਰਜ ਹੋਣਾ ਲਾਜ਼ਮੀ ਹੈ

ਘੱਟੋ-ਘੱਟ ਹਰ ਤਿੰਨੀ ਸਾਲੀ ਇੱਕ ਵਾਰ ਨਿਉਜ਼ੀਲੈਂਡ ਨਵੀਂ ਪਾਰਲੀਮੈਂਟ ਅਤੇ ਸਰਕਾਰ ਨੂੰ ਚੁਣਨ ਲਈ ਅਵਾਮੀ ਚੋਣਾਂ ਦਾ ਆਯੋਜਨ ਕਰਦਾ ਹੈ। ਇਸ ਵਿੱਚ ਅਵਾਮੀ ਅਤੇ ਮਾਉਰੀ ਚੋਣ ਹਲਕੇ ਹਨ। ਹਰੇਕ ਚੋਣ ਹਲਕੇ ਕੋਲ ਹਰ ਉਸ ਵਿਅਕਤੀ ਦੀ ਨਾਮਾਵਲੀ, ਜਾਂ ਸੂਚੀ ਹੁੰਦੀ ਹੈ ਜਿਸਦਾ ਵੋਟ ਪਾਉਣ ਲਈ ਨਾਂ ਦਰਜ ਕੀਤਾ ਜਾਂਦਾ ਹੈ। ਜੇ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵਧ ਹੈ ਅਤੇ ਅਜਿਹੇ ਕਨੂੰਨ ਵਿੱਚ ਨਾਂ ਦਰਜ ਕਰਵਾਉਣ ਦੇ ਪਾਤਰ ਹੋ ਜਿਸਦੇ ਮੁਤਾਬਕ ਤੁਹਾਡਾ ਨਾਮਾਵਲੀ ਵਿੱਚ ਹੋਣਾ ਲਾਜ਼ਮੀ ਹੈ। ਜੇ ਤੁਹਾਡੀ ਉਮਰ 17 ਸਾਲ ਹੈ ਤਾਂ ਤੁਸੀਂ ਅਸਥਾਈ ਤੌਰ ਤੇ ਨਾਂ ਦਰਜ ਕਰਵਾ ਸਕਦੇ ਹੋ। ਇੱਕ ਵਾਰੀ ਨਾਂ ਦਰਜ ਕਰਵਾ ਲੈਣ ਤੇ ਤੁਹਾਡੇ ਲਈ ਆਪਣੇ ਵੇਰਵਿਆਂ ਨੂੰ ਨਵੀਨਤਮ ਬਣਾਉਣਾ ਲਾਜ਼ਮੀ ਹੁੰਦਾ ਹੈ। ਰਜਿਸਟਰਾਰ ਆਫ ਇਲੈਕਟਰਸ(ਚੋਣਕਾਰਾਂ ਦੇ ਰਜਿਸਟਰਾਰ), ਜੋ ਨਿਉਜ਼ੀਲੈਂਡ ਪੋਸਟ ਲਿਮਟਡ ਲਈ ਕੰਮ ਕਰਦੇ ਹਨ, ਨਾਮਾਵਲੀਆਂ ਦੀ ਦੇਖ-ਰੇਖ ਕਰਦੇ ਹਨ।

ਪਰਿਚੈ

## ਅਪ੍ਰਕਾਸ਼ਤ ਨਾਮਾਵਲੀ ਕੀ ਹੈ?

ਅਪ੍ਰਕਾਸ਼ਤ ਨਾਮਾਵਲੀ ਵਿੱਚ ਅਜਿਹੇ ਸਾਰੇ ਚੋਣਕਾਰਾਂ ਦੇ ਨਾਮਾਂਕਣ ਫਾਰਮ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੇ ਚੀਫ ਰਜਿਸਟਰਾਰ ਆਫ ਇਲੈਕਟਰਸ ਨੂੰ ਇਸ ਕਰਕੇ ਸੰਤੁਸ਼ਤ ਕੀਤਾ ਹੁੰਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਨਿਜੀ ਨਾਮਾਂਕਣ ਵੇਰਵਿਆਂ ਨੂੰ ਗੁਪਤ ਰੱਖਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਦੇ ਪ੍ਰਕਾਸ਼ਨ ਵਜੋਂ ਉਨ੍ਹਾਂ ਦੀ ਨਿਜੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਉਨ੍ਹਾਂ ਦੇ ਨਾਮਾਂਕਣ ਵੇਰਵਿਆਂ ਨੂੰ ਉਨ੍ਹਾਂ ਦੇ ਰਜਿਸਟਰਾਰ ਆਫ ਇਲੈਕਟਰਸ ਦੁਆਰਾ ਸੁਰੱਖਿਅਤ ਤਰੀਕੇ ਨਾਲ ਰੱਖਿਆ ਜਾਂਦਾ ਹੈ ਅਤੇ ਇਨ੍ਹਾਂ ਦਾ ਕਿਸੇ ਦੇ ਅੱਗੇ ਖੁਲਾਸਾ ਨਹੀਂ ਕੀਤਾ ਜਾਂਦਾ। ਇਹ ਅਪ੍ਰਕਾਸ਼ਤ ਨਾਮਾਵਲੀ ਤੇ ਦਿਖਾਈ ਨਹੀਂ ਦਿੰਦੇ।

## ਅਪ੍ਰਕਾਸ਼ਤ ਨਾਮਾਵਲੀ ਕੌਣ ਦੇਖ ਸਕਦਾ ਹੈ?

ਅਪ੍ਰਕਾਸ਼ਤ ਨਾਮਾਵਲੀ ਗੁਪਤ ਹੁੰਦੀ ਹੈ ਅਤੇ ਸਿਰਫ ਰਜਿਸਟਰਾਰ ਆਫ ਇਲੈਕਟਰਸ ਦੁਆਰਾ ਦੇਖੀ ਜਾ ਸਕਦੀ ਹੈ।

## ਕੀ ਅਪ੍ਰਕਾਸ਼ਤ ਨਾਮਾਵਲੀ ਵਿੱਚ ਜਾਣ ਲਈ ਅਰਜ਼ੀ ਦੇ ਰਹੇ ਹੋ?

## ਅਪ੍ਰਕਾਸ਼ਤ ਨਾਮਾਵਲੀ ਲਈ ਕਿਸਨੂੰ ਯੋਗ ਠਹਿਰਾਇਆ ਜਾਂਦਾ ਹੈ?

ਜੇ ਤੁਸੀਂ ਇੱਕ ਯੋਗ ਚੋਣਕਾਰ ਹੋ ਅਤੇ ਮੰਨਦੇ ਹੋ ਕਿ ਪ੍ਰਕਾਸ਼ਤ ਚੁਣਾਵੀ ਨਾਮਾਵਲੀ ਤੇ ਤੁਹਾਡੇ ਵੇਰਵਿਆਂ ਨੂੰ ਦਰਜ ਕਰਨ ਦੇ ਨਾਲ ਤੁਹਾਡੀ, ਜਾਂ ਤੁਹਾਡੇ ਪਰਿਵਾਰ ਦੀ ਨਿਜੀ ਸੁਰੱਖਿਆ ਖਰਤੇ ਵਿੱਚ ਪੈ ਸਕਦੀ ਹੈ, ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਵੇਰਵਿਆਂ ਨੂੰ ਸਿਰਫ ਅਪ੍ਰਕਾਸ਼ਤ ਨਾਮਾਵਲੀ ਵਿੱਚ ਹੀ ਸ਼ਾਮਲ ਕੀਤਾ ਜਾਵੇ।

## ਮੈਂ ਅਪ੍ਰਕਾਸ਼ਤ ਨਾਮਾਵਲੀ ਵਿੱਚ ਜਾਣ ਲਈ ਕਿਵੇਂ ਅਰਜ਼ੀ ਦੇਵਾਂ?

ਬਸ ਇਸ ਪੁਸਤਿਕਾ ਦੇ ਪਿੱਛੇ "ਪਾਰਲੀਮੈਂਟਰੀ ਚੋਣਕਾਰ ਹੋਣ ਦੇ ਨਾਤੇ ਅਪ੍ਰਕਾਸ਼ਤ ਨਾਮਾਵਲੀ ਵਿੱਚ ਪੰਜੀਕਰਨ ਲਈ ਅਰਜ਼ੀ" ਫਾਰਮ (ਸਿਰਫ ਅੰਗ੍ਰੇਜ਼ੀ ਵਿੱਚ ਉਪਲਬਧ) ਭਰੋ। ਜੇ ਤੁਸੀਂ ਇੱਕ ਚੋਣਕਾਰ ਦੇ ਰੂਪ ਵਿੱਚ ਪਹਿਲਾਂ ਤੋਂ ਹੀ ਨਾਮਾਂਕਿਤ ਹੋ ਤਾਂ ਤੁਹਾਨੂੰ "ਵੋਟ ਪਾਉਣ ਲਈ ਨਾਮਾਂਕਣ: ਅਰਜ਼ੀ" ਨਾਮਕ ਫਾਰਮ ਨੂੰ ਵੀ ਭਰਣ ਦੀ ਲੋੜ ਹੋਵੇਗੀ।

ਦੋਹਾਂ ਫਾਰਮਾਂ ਨੂੰ ਇਸ ਪਤੇ ਤੇ ਭੇਜਿਆ ਜਾਣਾ ਚਾਹੀਦਾ ਹੈ (ਕਿਸ ਡਾਕ ਟਿਕਟ ਦੀ ਲੋੜ ਨਹੀਂ ਹੈ):

FREEPOST 2 ENROL
Chief Registrar of Electors
P O Box 190, Wellington 6140

## ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ?

ਤੁਹਾਨੂੰ ਆਪਣਾ ਪੂਰਾ ਨਾਂ, ਪਤਾ, ਜਨਮ ਤਾਰੀਖ, ਸੰਪਰਕ ਟੈਲੀਫੋਨ ਨੰਬਰ ਅਤੇ ਆਪਣੀ ਨਿਜੀ ਸਥਿਤੀਆਂ ਦਾ ਸਬੂਤ ਦੇਣ ਦੀ ਲੋੜ ਹੋਵੇਗੀ, ਜਿਵੇਂ:

- ਸੁਰੱਖਿਆ ਆਦੇਸ਼ ਦੀ ਇੱਕ ਕਾਪੀ ਜੋ ਡੋਮੈਸਟਿਕ ਵੋਇਲੈਂਸ ਐਕਟ 1995 ਦੇ ਤਹਿਤ ਲਾਗੂ ਹੈ, ਜਾਂ
- ਹਿਰਾਸਤੀ ਆਦੇਸ਼ ਦੀ ਇੱਕ ਕਾਪੀ ਜੋ ਹੈਰਾਸਮੈਂਟ ਐਕਟ 1997 ਦੇ ਤਹਿਤ ਲਾਗੂ ਹੈ, ਜਾਂ
- ਇੱਕ ਦਰੋਗਾ ਵੱਲੋਂ ਕਨੂੰਨੀ ਇਕਰਾਰ ਜਿਸ ਵਿੱਚ ਇਹ ਲਿੱਖਿਆ ਹੋਵੇ ਕਿ ਉਹ ਮੰਨਦਾ/ਦੀ ਹੈ ਕਿ ਤੁਹਾਡੇ ਨਾਂ ਅਤੇ ਵੇਰਵਿਆਂ ਦੇ ਪ੍ਰਕਾਸ਼ਨ ਦੁਆਰਾ ਤੁਹਾਡੀ, ਅਤੇ ਤੁਹਾਡੇ ਪਰਿਵਾਰ ਦੀ ਨਿਜੀ ਸੁਰੱਖਿਆ ਦੇ ਨਾਲ ਪੱਖਪਾਤ ਕੀਤਾ ਜਾ ਸਕਦਾ ਹੈ, ਜਾਂ
- ਕਿਸੇ ਬੈਰਿਸਟਰ ਜਾਂ ਮੁਖਤਿਆਰ, ਤੁਹਾਡੇ ਨੌਕਰੀਦਾਤਾ, ਜਸਟਿਸ ਆਫ ਦੀ ਪੀਸ ਵੱਲੋਂ ਇੱਕ ਪੱਤਰ ਜੋ ਇਨ੍ਹਾਂ ਆਧਾਰਾਂ ਤੇ ਤੁਹਾਡੀ ਅਰਜ਼ੀ ਨੂੰ ਸਮਰਥਨ ਦਿੰਦਾ ਹੋਵੇ ਕਿ ਤੁਹਾਡੇ ਨਾਂ ਅਤੇ ਵੇਰਵਿਆਂ ਦੇ ਪ੍ਰਕਾਸ਼ਨ ਦੁਆਰਾ ਤੁਹਾਡੀ, ਅਤੇ ਤੁਹਾਡੇ ਪਰਿਵਾਰ ਦੀ ਨਿਜੀ ਸੁਰੱਖਿਆ ਦੇ ਨਾਲ ਪੱਖਪਾਤ ਕੀਤਾ ਜਾ ਸਕਦਾ ਹੈ।

## ਮੈਂ ਕਿੰਨੇ ਸਮੇਂ ਤਕ ਅਪ੍ਰਕਾਸ਼ਤ ਨਾਮਾਵਲੀ ਵਿੱਚ ਰਹਿ ਸਕਦਾ/ਦੀ ਹਾਂ?

ਤੁਸੀਂ ਅਪ੍ਰਕਾਸ਼ਤ ਨਾਮਾਵਲੀ ਵਿੱਚ ਉਸ ਸਮੇਂ ਤਕ ਰਹਿ ਸਕਦੇ ਹੋ ਜਦੋਂ ਤਕ ਤੁਹਾਡੀ ਸਥਿਤੀ ਨਹੀਂ ਬਦਲਦੀ। ਰਜਿਸਟਰਾਰ ਆਫ ਇਲੈਕਟਰਸ ਸਮੇਂ ਸਮੇਂ ਤੇ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਲਿਖਣਗੇ ਕਿ ਕੀ ਤੁਹਾਡੀ ਸਥਿਤੀਆਂ ਉਸੇ ਤਰ੍ਹਾਂ ਹਨ। ਤੁਹਾਨੂੰ ਨਾਮਾਂਕਣ ਨਵੀਨੀਕਰਨ ਮੁਹਿੰਮ ਦੇ ਦੌਰਾਨ ਆਪਣੇ ਨਾਮਾਂਕਣ ਵੇਰਵਿਆਂ ਦੀ ਜਾਂਚ ਅਤੇ ਉਨ੍ਹਾਂ ਨੂੰ ਸੰਸ਼ੋਧਿਤ ਕਰਨ ਦੀ ਵੀ ਲੋੜ ਹੋਵੇਗੀ, ਜੋ ਲੋੜ ਪੈਂਦੀ ਹੈ।

## ਜੇ ਮੇਰੇ ਹਲਾਤ ਬਦਲ ਜਾਂਦੇ ਹਨ ਤਾਂ ਕੀ ਹੁੰਦਾ ਹੈ?

ਜੇ ਤੁਹਾਡੀ ਸਥਿਤੀਆਂ ਬਦਲਦੀਆਂ ਹਨ ਤਾਂ ਤੁਹਾਨੂੰ ਲਿਖਤੀ ਰੂਪ ਵਿੱਚ ਆਪਣੇ ਰਜਿਸਟਰਾਰ ਆਫ ਇਲੈਕਟਰਸ ਨੂੰ ਸੂਚਿਤ ਕਰਨਾ ਚਾਹੀਦਾ ਹੈ।

## ਜੇ ਮੇਰੇ ਨਿਜੀ ਵੇਰਵੇ ਬਦਲ ਜਾਂਦੇ ਹਨ ਤਾਂ ਕੀ ਹੁੰਦਾ ਹੈ?

ਜੇ ਤੁਹਾਡੇ ਕੋਈ ਵੀ ਨਿਜੀ ਵੇਰਵੇ ਬਦਲ ਜਾਂਦੇ ਹਨ, ਜਿਵੇਂ, ਨਾਂ, ਪਤਾ ਜਾਂ ਕੰਮ-ਕਾਰ, ਤਾਂ "ਵੋਟ ਪਾਉਣ ਲਈ ਨਾਮਾਂਕਣ: ਅਰਜ਼ੀ" ਫਾਰਮ ਨੂੰ ਭਰ ਕੇ ਆਪਣੇ ਰਜਿਸਟਰਾਰ ਆਫ ਇਲੈਕਟਰਸ ਨੂੰ ਸੂਚਿਤ ਕਰੋ। ਰਜਿਸਟਰਾਰ ਆਫ ਇਲੈਕਟਰਸ ਲਿਖਤੀ ਰੂਪ ਵਿੱਚ ਪੁਸ਼ਟੀ ਕਰਣਗੇ ਕਿ ਉਨ੍ਹਾਂ ਨੇ ਤਬਦੀਲੀਆਂ ਕਰ ਦਿੱਤੀਆਂ ਹਨ।

ਜੇ ਤੁਸੀਂ ਕਿਸੇ ਵੀ ਤਬਦੀਲੀਆਂ ਬਾਰੇ ਆਪਣੇ ਰਜਿਸਟਰਾਰ ਆਫ ਇਲੈਕਟਰਸ ਨੂੰ ਸੂਚਿਤ ਕਰਨਾ ਭੁੱਲ ਜਾਂਦੇ ਹੋ ਤਾਂ ਤੁਹਾਡਾ ਨਾਂ ਨਾਮਾਵਲੀ ਤੋਂ ਹਟਾ ਦਿੱਤਾ ਜਾਵੇਗਾ।

# ਵੋਟ ਪਾਉਣਾ

## ਜੇ ਮੇਰਾ ਨਾਂ ਅਪ੍ਰਕਾਸ਼ਤ ਨਾਮਾਵਲੀ ਵਿੱਚ ਨਹੀਂ ਹੁੰਦਾ ਤਾਂ ਮੈਂ ਵੋਟ ਕਿਵੇਂ ਪਾ ਸਕਦਾ/ਦੀ ਹਾਂ?

ਜਿਵੇਂ ਕਿ ਤੁਹਾਡਾ ਨਾਂ ਨਾਮਾਵਲੀ ਦਿਵਸ ਤੇ ਵਰਤੀ ਜਾਣ ਵਾਲੀ ਪ੍ਰਿੰਟ ਕੀਤੀ ਪਾਰਲੀਮੈਂਟਰੀ ਨਾਮਾਵਲੀ ਤੇ ਦਿਖਾਈ ਨਹੀਂ ਦੇਵੇਗਾ ਤਾਂ ਤੁਹਾਨੂੰ "ਖਾਸ ਇਕਰਾਰ ਵੋਟ" ਨੂੰ ਕਾਸਟ ਕਰਨ ਦੀ ਲੋੜ ਹੋਵੇਗੀ। ਇਹ ਚੋਣ ਦਿਵਸ ਤੋਂ ਪਹਿਲਾਂ ਤੁਹਾਡੇ ਚੋਣ ਹਲਕੇ ਵਿੱਚ ਰਿਟਰਨਿੰਗ ਅਫਸਰ ਜਾਂ ਚੋਣ ਦਿਵਸ ਤੇ ਕਿਸੇ ਵੀ ਚੋਣ ਸਥਾਨ ਤੋਂ ਉਪਲਬਧ ਹੋਣਗੇ।

ਸਥਾਨਕ ਕੌਂਸਿਲ ਅਤੇ ਜਿਲ੍ਹਾ ਸੇਹਤ ਬੋਰਡ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਨੂੰ ਜਾਰੀ ਕੀਤੇ "ਖਾਸ ਇਕਰਾਰ ਵੋਟ" ਦੇ ਨਾਲ ਆਪਣੇ ਸਥਾਨਕ ਕੌਂਸਿਲ ਵਿੱਚ ਸਥਾਨਕ ਚੁਣਾਵੀ ਅਫਸਰ ਨੂੰ ਅਰਜ਼ੀ ਦੇਣ ਦੀ ਲੋੜ ਹੋਵੇਗੀ।

# ਹੋਰ ਜਾਣਕਾਰੀ

## ਮੈਂ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

ਵੋਟ ਪਾਉਣ ਲਈ ਨਾਂ ਦਰਜ ਕਰਵਾਉਣ ਬਾਰੇ ਹੋਰ ਜਾਣਕਾਰੀ ਇੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ:

-  ਸਾਡੀ ਵੈੱਬਸਾਈਟ ਦੇਖ ਕੇ – elections.org.nz
-  0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਕਾਲ ਕਰਕੇ
-  ਪੁਸਤਿਕਾਵਾਂ ਪੜ੍ਹ ਕੇ
  - ਵੋਟ ਪਾਉਣ ਲਈ ਨਾਮਾਂਕਣ ਬਾਰੇ ਉਹ ਹਰ ਚੀਜ਼ ਜਿਸਨੂੰ ਤੁਹਾਨੂੰ ਜਾਣਨ ਦੀ ਲੋੜ ਹੈ*
  - ਤੁਹਾਡੇ 18 ਸਾਲ ਦੇ ਹੋਣ ਤੋਂ ਪਹਿਲਾਂ ਵੋਟ ਪਾਉਣ ਲਈ ਨਾਂ ਦਰਜ ਕਰਵਾਉਣਾ*

– ਨਿਊਜ਼ੀਲੈਂਡ ਮਾਉਰੀ ਹੋਣ ਦੇ ਨਾਤੇ ਵੋਟ ਪਾਉਣ ਲਈ ਨਾਂ ਦਰਜ ਕਰਨਾ*(ਸਿਰਫ ਅੰਗ੍ਰੇਜ਼ੀ ਅਤੇ ਮਾਉਰੀ ਵਿੱਚ ਉਪਲਬਧ)

* ਪੋਸਟਸ਼ਾਪ ਜਾਂ ਰਜਿਸਟਰਾਰ ਆਫ ਇਲੈਕਟਰਸ ਦੇ ਦਫਤਰਾਂ ਤੋਂ ਉਪਲਬਧ ਹੈ।

ਸਾਨੂੰ ਆਸ਼ਾ ਹੈ ਕਿ ਇਸ ਵਿੱਚ ਅਪ੍ਰਕਾਸ਼ਤ ਨਾਮਾਵਲੀ ਬਾਰੇ ਤੁਹਾਡੇ ਸਾਰੇ ਸੁਆਲਾਂ ਦੇ ਜੁਆਬ ਦਿੱਤੇ ਗਏ ਹਨ।

ਇਸ ਪੁਸਤਿਕਾ ਨੂੰ ਪੜ੍ਹਣ ਲਈ ਤੁਹਾਡਾ ਧੰਨਵਾਦ।

## ਕੀ ਮੈਂ ਇਸ ਜਾਣਕਾਰੀ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਪ੍ਰਾਪਤ ਕਰ ਸਕਦਾ/ਦੀ ਹਾਂ?

ਸਾਡੀ ਵੈੱਬਸਾਈਟ ਵਿੱਚ ਇਹ ਪੁਸਤਿਕਾ ਕਈ ਸਾਰੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ।


Electoral Enrolment Centre
New Zealand Post Limited
P O Box 190
Wellington 6140

ਫੋਨ: 0800 ENROL NOW
(0800 36 76 56)
ਫੈਕਸ: (04) 801 0709

ਈਮੇਲ: enrol@elections.org.nz
ਵੈੱਬਸਾਈਟ: elections.org.nz